# ਸ਼ੇਖ ਫ਼ਰੀਦ - ਸਬਦ ੨੭

ਫਰੀਦਾ ਲੋੜੈ ਦਾਖ ਬਿਜਉਰੀਆਂ ਕਿਕਰਿ ਬੀਜੈ ਜਟੁ ॥

ਸਲੋਕ, ਸੇਖ ਫਰੀਦ, ਗੁਰੂ ਗ੍ਰੰਥ ਸਾਹਿਬ, ੧੩੭੯

ਫਰੀਦਾ ਲੋੜੈ ਦਾਖ ਬਿਜਉਰੀਆਂ ਕਿਕਰਿ ਬੀਜੈ ਜਟੁ ॥
ਹੰਢੈ ਉੰਨ ਕਤਾਇਦਾ ਪੈਧਾ ਲੋੜੈ ਪਟੁ ॥੨੩॥

ਸਾਰ: ਜਦੋਂ ਸਾਡੇ ਕਰਮ ਅੰਤਰੀਵੀ ਇੱਛਾਵਾਂ ਦੇ ਉਲਟ ਹੁੰਦੇ ਹਨ, ਤਾਂ ਅਸੀਂ ਆਪਣੇ ਪਖੰਡ ਨੂੰ ਪ੍ਰਗਟ ਕਰਦੇ ਹਾਂ। ਇਮਾਨਦਾਰੀ ਦੀ ਥਾਂ ਹਉਮੈ ਦੁਆਰਾ ਸੰਚਾਲਿਤ ਕਰਮ ਅਕਸਰ ਦਿਸ਼ਾਹੀਣ ਅਤੇ ਗੰਭੀਰਤਾ ਨੂੰ ਗੁਆ ਦਿੰਦੇ ਹਨ, ਜਿਸਦੇ ਨਤੀਜੇ ਵਜੋਂ ਅਸੀਂ ਜੋ ਹਾਂ ਅਤੇ ਜੋ ਦਰਸਾਉਂਦੇ ਹਾਂ, ਉਸ ਵਿਚਕਾਰ ਇਕ ਗਲਤ ਤਾਲਮੇਲ ਪੈਦਾ ਹੋ ਜਾਂਦਾ ਹੈ। ਸਾਡੇ ਇਰਾਦਿਆਂ, ਪ੍ਰਤੀਕ੍ਰਿਆਵਾਂ ਅਤੇ ਉਮੀਦਾਂ ਵਿਚਕਾਰ ਅਸੰਗਤਤਾ ਆਮ ਤੌਰ 'ਤੇ ਨਿਰਾਸ਼ਾ ਵੱਲ ਲੈ ਜਾਂਦੀ ਹੈ, ਜੋ ਪਰਿਣਾਮਾਂ ਪਿੱਛੇ ਭੱਜਣ ਦੀ ਵਿਅਰਥਤਾ ਨੂੰ ਉਜਾਗਰ ਕਰਦੀ ਹੈ। ਸੱਚ ਦੀ ਭਰਪੂਰਤਾ ਉਦੋਂ ਹੀ ਹੁੰਦੀ ਹੈ ਜਦੋਂ ਇਰਾਦਿਆਂ ਅਤੇ ਕਰਮਾਂ ਵਿਚ ਇਕਸੁਰਤਾ ਹੋਵੇ - ਜਦੋਂ ਅੰਦਰੂਨੀ ਸਵੈ ਬਾਹਰੀ ਖੋਜ ਵਿੱਚ ਪੂਰੀ ਤਰ੍ਹਾਂ ਹਿੱਸਾ ਲੈਂਦਾ ਹੈ। ਨਹੀਂ ਤਾਂ, ਸਭ ਤੋਂ ਮਹੱਤਵਪੂਰਨ ਯਤਨ ਵੀ ਸੱਖਣੇਪਨ ਨੂੰ ਮਹਿਸੂਸ ਕਰਵਾਉਂਦੇ ਹਨ।

ਫਰੀਦਾ ਲੋੜੈ ਦਾਖ ਬਿਜਉਰੀਆਂ ਕਿਕਰਿ ਬੀਜੈ ਜਟੁ ॥
ਫਰੀਦ ਕਹਿੰਦੇ ਹਨ ਕਿ ਕੰਡਿਆਲੀ ਕਿੱਕਰ ਬੀਜ, ਕਿਸਾਨ ਰਸਦਾਰ ਅੰਗੂਰਾਂ ਦੀ ਆਸ ਰੱਖਦਾ ਹੈ। ਇਹ ਦ੍ਰਿਸ਼ਟਾਂਤ ਖੁਦ ਨਾਲ ਕੀਤੇ ਜਾਣ ਵਾਲੀ ਧੋਖਾਧਰੀ ਦਾ ਪ੍ਰਤੀਕ ਹੈ ਜੋ ਮਾੜੀ ਨੀਅਤ ਵਿਚੋਂ ਖੁਸ਼ੀ ਭਾਲਣ ਦੀ ਤਰਜ਼ਮਾਨੀ ਕਰਦਾ ਹੈ।

ਹੰਢੈ ਉੰਨ ਕਤਾਇਦਾ ਪੈਧਾ ਲੋੜੈ ਪਟੁ ॥੨੩॥
ਮੋਟੀ ਉੱਨ ਨੂੰ ਕੱਤਦਿਆਂ ਪਰ ਵਧੀਆ ਰੇਸ਼ਮੀ ਲਿਬਾਸ ਪਹਿਨਣ ਦੀ ਇੱਛਾ ਰੱਖਣੀ, ਇਹ ਇਕ ਅਜਿਹੀ ਮਾਨਸਿਕਤਾ ਦੀ ਤਰਜ਼ਮਾਨੀ ਹੈ ਜਿਥੇ ਸਾਡੇ ਕਰਮਾਂ ਅਤੇ ਸਾਡੀਆਂ ਉਮੀਦਾਂ ਵਿਚਕਾਰ ਸੁਚੇਤ ਇਕਸਾਰਤਾ ਦੀ ਘਾਟ ਹੁੰਦੀ ਹੈ। (੨੩)

ਤੱਤ:  ਸੇਖ ਫਰੀਦ ਸਾਡੇ ਕਰਮਾਂ ਅਤੇ ਸਾਡੀਆਂ ਉਮੀਦਾਂ ਵਿਚਕਾਰਲੇ ਅੰਤਰਾਵ ਦਾ ਇਕ ਸ਼ਕਤੀਸ਼ਾਲੀ ਪ੍ਰਤੀਬਿੰਬ ਪੇਸ਼ ਕਰਦੇ ਹਨ। ਉਨ੍ਹਾਂ ਦੇ ਦ੍ਰਿਸ਼ਟਾਂਤ ਕੰਡੇਦਾਰ ਰੁੱਖ ਲਗਾਉਂਦੇ ਸਮੇਂ ਮਿੱਠੇ ਫਲਾਂ ਦੀ ਇੱਛ, ਜਾਂ ਮੋਟੀ ਉੱਨ ਕੱਤਦੇ ਸਮੇਂ ਰੇਸ਼ਮ ਦੇ ਕੱਪੜਿਆਂ ਦੀ ਉਮੀਦ ਰੱਖਣੀ ਸਾਡੀਆਂ ਗਲਤ ਧਾਰਨਾਵਾਂ ਨੂੰ ਦਰਸਾਉਂਦੇ ਹਨ ।  ਉਹ ਸਾਨੂੰ ਯਾਦ ਦਿਵਾਉਂਦੇ ਹਨ ਕਿ ਅੰਦਰੂਨੀ ਅਤੇ ਬਾਹਰੀ ਤੌਰ ਤੇ ਬੀਜੇ ਬੀਜ਼ ਦਾ ਹੀ ਪਰਿਣਾਮ ਸਾਡੇ ਸਾਹਮਣੇ ਆਉਂਦਾ ਹੈ। ਰੋਜ਼ਮਰਾ ਜੀਵਨ ਵਿਚ ਉਨ੍ਹਾਂ ਚੋਣਾਂ ਨੂੰ ਹੀ ਚੁਣਨਾ ਚਾਹੀਦਾ ਹੈ ਜੋ ਸਵੈ-ਇਮਾਨਦਾਰੀ ਅਤੇ ਇਕਸੁਰਤਾ ਵਾਲੇ ਪਾਸੇ ਲੈ ਜਾਣ।

---

ਸਬਦ ਵਿਆਖਿਆ ਵਿਨਇੰਦਰ ਕੌਰ ਅਤੇ ਅਮਰਦੀਪ ਸਿੰਘ

**Oneness In Diversity Research Foundation**

ਵੈੱਬਸਾਈਟ: **[OnenessInDiversity.com](OnenessInDiversity.com)**

ਈਮੇਲ: **onenessindiversityfoundation@gmail.com**